## Level 1

ਮਾਝ ਮਹਲਾ ੫, ਚਉਪਦੇ ਘਰੁ ੧ ॥

**maajh mehalaa 5, choupadhae ghar 1 |**

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

maeraa man lochai gur dharasan thaaee |

ਬਿਲਪ ਕਰੇ, ਚਾਤ੍ਰਿਕ ਕੀ ਨਿਆਈ ॥

bilap karae, chaathrik kee niaaee |

ਤ੍ਰਿਖਾ ਨ ਉਤਰੈ, ਸਾਂਤਿ ਨ ਆਵੈ, ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

thrikhaa n outharai, saath n aavai, bin dharasan santh piaarae jeeo |1|

ਹਉ ਘੋਲੀ ਜੀਉ ਘੋਲਿ ਘੁਮਾਈ, ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ho gholee jeeo ghol ghumaaee, gur dharasan santh piaarae jeeo |1| rehaao |

ਤੇਰਾ ਮੁਖੁ ਸੁਹਾਵਾ ਜੀਉ, ਸਹਜ ਧੁਨਿ ਬਾਣੀ ॥

thaeraa mukh suhaavaa jeeou, sehaj dhun baanee |

ਚਿਰੁ ਹੋਆ ਦੇਖੇ ਸਾਰਿੰਗਪਾਣੀ ॥

chir hoaa dhaekhae saaringapaanee |

ਧੰਨੁ ਸੁ ਦੇਸੁ ਜਹਾ ਤੂੰ ਵਸਿਆ, ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

dhann s dhaes jehaa thoon vasiaa, maerae sajan meeth muraarae jeeo |2|

ਹਉ ਘੋਲੀ ਹਉ ਘੋਲਿ ਘੁਮਾਈ, ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

ho gholee ho ghol ghumaaee, gur sajan meeth muraarae jeeo |1| rehaao |

ਇਕ ਘੜੀ ਨ ਮਿਲਤੇ, ਤਾ ਕਲਿਜੁਗੁ ਹੋਤਾ ॥

eik gharree n milathae, thaa kalijug hothaa |

ਹੁਣਿ ਕਦਿ ਮਿਲੀਐ, ਪ੍ਰਿਅ ਤੁਧੁ ਭਗਵੰਤਾ ॥

hun kadh mileeai, pria thudh bhagavanthaa |

ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ, ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

mohi rain n vihaavai needh n aavai, bin dhaekhae gur dharabaarae jeeo |3|

ਹਉ ਘੋਲੀ ਜੀਉ ਘੋਲਿ ਘੁਮਾਈ, ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

ho gholee jeeo ghol ghumaaee, this sachae gur dharabaarae jeeo |1| rehaao |

ਭਾਗੁ ਹੋਆ, ਗੁਰਿ ਸੰਤੁ ਮਿਲਾਇਆ ॥

bhaag hoaa, gur santh milaaeiaa |

ਪ੍ਰਭੁ ਅਬਿਨਾਸੀ, ਘਰ ਮਹਿ ਪਾਇਆ ॥

prabh abinaasee, ghar mehi paaeiaa |

ਸੇਵ ਕਰੀ, ਪਲੁ ਚਸਾ ਨ ਵਿਛੁੜਾ, ਜਨ ਨਾਨਕ ਦਾਸ ਤੁਮਾਰੇ ਜੀਉ ॥੪॥
saev karee, pal chasaa n vishurraa, jan naanak dhaas thumaarae jeeo |4|

ਹਉ ਘੋਲੀ ਜੀਉ ਘੋਲਿ ਘੁਮਾਈ, ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥
ho gholee jeeo ghol ghumaaee, jan naanak dhaas thumaarae jeeo | rehaao |1|8|

ਧਨਾਸਰੀ ਮਹਲਾ ੧ ਘਰੁ ੧ ਚਉਪਦੇ
**dhanaasaree mehalaa 1 ghar 1 choupadhae**

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ik oankaar sath naam karathaa purakh nirabho niravair akaal moorath ajoonee saibhan gur prasaadh |

ਜੀਉ ਡਰਤੁ ਹੈ ਆਪਣਾ, ਕੈ ਸਿਉ ਕਰੀ ਪੁਕਾਰ ॥
jeeo ddarath hai aapanaa, kai sio karee pukaar |

ਦੂਖ ਵਿਸਾਰਣੁ ਸੇਵਿਆ, ਸਦਾ ਸਦਾ ਦਾਤਾਰੁ ॥੧॥
dhookh visaaran saeviaa, sadhaa sadhaa dhaathaar |1|

ਸਾਹਿਬੁ ਮੇਰਾ ਨੀਤ ਨਵਾ, ਸਦਾ ਸਦਾ ਦਾਤਾਰੁ ॥੧॥ ਰਹਾਉ ॥
saahib maeraa neeth navaa, sadhaa sadhaa dhaathaar |1| rehaao |

ਅਨਦਿਨੁ ਸਾਹਿਬੁ ਸੇਵੀਐ, ਅੰਤਿ ਛਡਾਏ ਸੋਇ ॥
anadhin saahib saeveeai, anth shaddaaeae soe |

ਸੁਣਿ ਸੁਣਿ ਮੇਰੀ ਕਾਮਣੀ, ਪਾਰਿ ਉਤਾਰਾ ਹੋਇ ॥੨॥
sun sun maeree kaamanee, paar outhaaraa hoe |2|

ਦਇਆਲ, ਤੇਰੈ ਨਾਮਿ ਤਰਾ ॥
dhaeiaala, thaerai naam tharaa |

ਸਦ ਕੁਰਬਾਣੈ ਜਾਉ ॥੧॥ ਰਹਾਉ ॥
sadh kurabaanai jaao |1| rehaao |

ਸਰਬੰ ਸਾਚਾ ਏਕੁ ਹੈ, ਦੂਜਾ ਨਾਹੀ ਕੋਇ ॥
saraban saachaa eaek hai, dhoojaa naahee koe |

ਤਾ ਕੀ ਸੇਵਾ ਸੋ ਕਰੇ, ਜਾ ਕਉ ਨਦਰਿ ਕਰੇ ॥੩॥
thaa kee saevaa so karae, jaa ko nadhar karae |3|

ਤੁਧੁ ਬਾਝੁ, ਪਿਆਰੇ ਕੇਵ ਰਹਾ ॥
thudh baajhu, piaarae kaev rehaa |

ਸਾ ਵਡਿਆਈ ਦੇਹਿ, ਜਿਤੁ ਨਾਮਿ ਤੇਰੇ ਲਾਗਿ ਰਹਾਂ ॥
saa vaddiaaee dhaehi, jith naam thaerae laag rehaa |

ਦੂਜਾ ਨਾਹੀ ਕੋਇ, ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥
dhoojaa naahee koei, jis aagai piaarae jaae kehaa |1| rehaao |

ਸੇਵੀ ਸਾਹਿਬੁ ਆਪਣਾ, ਅਵਰੁ ਨ ਜਾਚੰਉ ਕੋਇ ॥
saevee saahib aapanaa, avar n jaachano koe |

ਨਾਨਕੁ ਤਾ ਕਾ ਦਾਸੁ ਹੈ, ਬਿੰਦ ਬਿੰਦ ਚੁਖ ਚੁਖ ਹੋਇ ॥੪॥
naanak thaa kaa dhaas hai, bindh bindh chukh chukh hoe |4|

ਸਾਹਿਬ, ਤੇਰੇ ਨਾਮ ਵਿਟਹੁ, ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥
saahiba, thaerae naam vittahu, bindh bindh chukh chukh hoe |1| rehaao |4|1|
||1||Pause||4||1||

## Level 2

ਤਿਲੰਗ ਮਹਲਾ ੧ ਘਰੁ ੩
**thilang mehalaa 1 ghar 3**

ੴ ਸਤਿਗੁਰ ਪ੍ਰਸਾਦਿ ॥
**ik oankaar sathigur prasaadh |**

ਇਹੁ ਤਨੁ ਮਾਇਆ ਪਾਹਿਆ ਪਿਆਰੇ, ਲੀਤੜਾ ਲਬਿ ਰੰਗਾਏ ॥
eihu than maaeiaa paahiaa piaarae, leetharraa lab rangaaeae |

ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ, ਕਿਉ ਧਨ ਸੇਜੈ ਜਾਏ ॥੧॥
maerai kanth n bhaavai cholarraa piaarae, kio dhan saejai jaaeae |1|

ਹੰਉ ਕੁਰਬਾਨੈ ਜਾਉ ਮਿਹਰਵਾਨਾ, ਹੰਉ ਕੁਰਬਾਨੈ ਜਾਉ ॥
hano kurabaanai jaao miharavaanaa, hano kurabaanai jaao |

ਹੰਉ ਕੁਰਬਾਨੈ ਜਾਉ ਤਿਨਾ ਕੈ, ਲੈਨਿ ਜੋ ਤੇਰਾ ਨਾਉ ॥
hano kurabaanai jaao thinaa kai, lain jo thaeraa naao |

ਲੈਨਿ ਜੋ ਤੇਰਾ ਨਾਉ, ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥
lain jo thaeraa naaou, thinaa kai hano sadh kurabaanai jaao |1| rehaao |

ਕਾਇਆ ਰੰਙਣਿ ਜੇ ਥੀਐ ਪਿਆਰੇ, ਪਾਈਐ ਨਾਉ ਮਜੀਠ ॥
kaaeiaa ranngan jae theeai piaarae, paaeeai naao majeeth |

ਰੰਙਣ ਵਾਲਾ ਜੇ ਰੰਙੈ ਸਾਹਿਬੁ, ਐਸਾ ਰੰਗੁ ਨ ਡੀਠ ॥੨॥
ranngan vaalaa jae ranngai saahibu, aisaa rang n ddeeth |2|

ਜਿਨ ਕੇ ਚੋਲੇ ਰਤੜੇ ਪਿਆਰੇ, ਕੰਤੁ ਤਿਨਾ ਕੈ ਪਾਸਿ ॥
jin kae cholae ratharrae piaarae, kanth thinaa kai paas |

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥
dhoorr thinaa kee jae milai jee kahu naanak kee aradhaas |3|

ਆਪੇ ਸਾਜੇ ਆਪੇ ਰੰਗੇ, ਆਪੇ ਨਦਰਿ ਕਰੇਇ ॥
aapae saajae aapae rangae, aapae nadhar karaee |

ਨਾਨਕ, ਕਾਮਣਿ ਕੰਤੈ ਭਾਵੈ, ਆਪੇ ਹੀ ਰਾਵੇਇ ॥੪॥੧॥੩॥
naanaka, kaaman kanthai bhaavai, aapae hee raavaee |4|1|3|

ਤਿਲੰਗ ਮਃ ੧ ॥
**thilang ma 1 |**

ਇਆਨੜੀਏ, ਮਾਨੜਾ ਕਾਇ ਕਰੇਹਿ ॥
eiaanarreeeae, maanarraa kaae karaehi |

ਆਪਨੜੈ ਘਰਿ ਹਰਿ, ਰੰਗੋ ਕੀ ਨ ਮਾਣੇਹਿ ॥
aapanarrai ghar hari, rango kee n maanaehi |

ਸਹੁ ਨੇੜੈ ਧਨ ਕੰਮਲੀਏ, ਬਾਹਰੁ ਕਿਆ ਢੂਢੇਹਿ ॥
sahu naerrai dhan kanmaleeeae, baahar kiaa tootaehi |

ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ ॥
bhai keeaa dhaehi salaaeeaa nainee, bhaav kaa kar seegaaro |

ਤਾ ਸੋਹਾਗਣਿ ਜਾਣੀਐ ਲਾਗੀ, ਜਾ ਸਹੁ ਧਰੇ ਪਿਆਰੋ ॥੧॥
thaa sohaagan jaaneeai laagee, jaa sahu dharae piaaro |1|

ਇਆਣੀ ਬਾਲੀ ਕਿਆ ਕਰੇ, ਜਾ ਧਨ ਕੰਤ ਨ ਭਾਵੈ ॥
eiaanee baalee kiaa karae, jaa dhan kanth n bhaavai |

ਕਰਣ ਪਲਾਹ ਕਰੇ ਬਹੁਤੇਰੇ, ਸਾ ਧਨ ਮਹਲੁ ਨ ਪਾਵੈ ॥
karan palaah karae bahuthaerae, saa dhan mehal n paavai |

ਵਿਣੁ ਕਰਮਾ ਕਿਛੁ ਪਾਈਐ ਨਾਹੀ, ਜੇ ਬਹੁਤੇਰਾ ਧਾਵੈ ॥
vin karamaa kish paaeeai naahee, jae bahuthaeraa dhaavai |

ਲਬ ਲੋਭ ਅਹੰਕਾਰ ਕੀ ਮਾਤੀ, ਮਾਇਆ ਮਾਹਿ ਸਮਾਣੀ ॥
lab lobh ahankaar kee maathee, maaeiaa maahi samaanee |

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥
einee baathee sahu paaeeai naahee bhee kaaman eiaanee |2|

ਜਾਇ ਪੁਛਹੁ ਸੋਹਾਗਣੀ ਵਾਹੈ, ਕਿਨੀ ਬਾਤੀ ਸਹੁ ਪਾਈਐ ॥
jaae pushahu sohaaganee vaahai, kinee baathee sahu paaeeai |

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ, ਹਿਕਮਤਿ ਹੁਕਮੁ ਚੁਕਾਈਐ ॥
jo kish karae so bhalaa kar maaneeai, hikamath hukam chukaaeeai |

ਜਾ ਕੈ ਪ੍ਰੇਮਿ, ਪਦਾਰਥੁ ਪਾਈਐ, ਤਉ ਚਰਣੀ ਚਿਤੁ ਲਾਈਐ ॥

jaa kai praemi, padhaarath paaeeai, tho charanee chith laaeeai |

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ, ਐਸਾ ਪਰਮਲੁ ਲਾਈਐ ॥
sahu kehai so keejai than mano dheejai, aisaa paramal laaeeai |

ਏਵ ਕਹਹਿ ਸੋਹਾਗਣੀ, ਭੈਣੇ ਇਨੀ ਬਾਤੀ ਸਹੁ ਪਾਈਐ ॥੩॥
eaev kehehi sohaaganee, bhainae einee baathee sahu paaeeai |3|

ਆਪੁ ਗਵਾਈਐ ਤਾ ਸਹੁ ਪਾਈਐ, ਅਉਰੁ ਕੈਸੀ ਚਤੁਰਾਈ ॥
aap gavaaeeai thaa sahu paaeeai, aour kaisee chathuraaee |

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ, ਕਾਮਣਿ ਨਉ ਨਿਧਿ ਪਾਈ ॥
sahu nadhar kar dhaekhai so dhin laekhai, kaaman no nidh paaee |

ਆਪਣੇ ਕੰਤ ਪਿਆਰੀ ਸਾ ਸੋਹਾਗਣਿ, ਨਾਨਕ ਸਾ ਸਭਰਾਈ ॥
aapanae kanth piaaree saa sohaagani, naanak saa sabharaaee |

ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
aisae rang raathee sehaj kee maathee ahinis bhaae samaanee |

ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥
sundhar saae saroop bichakhan keheeai saa siaanee |4|2|4|

## Level 3

ਸੂਹੀ ਮਹਲਾ ੧ ॥
**soohee mehalaa 1 |**

ਕਉਣ ਤਰਾਜੀ, ਕਵਣੁ ਤੁਲਾ, ਤੇਰਾ ਕਵਣੁ ਸਰਾਫੁ ਬੁਲਾਵਾ ॥
koun tharaajee, kavan thulaa, thaeraa kavan saraaf bulaavaa |

ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ, ਕੈ ਪਹਿ ਮੁਲੁ ਕਰਾਵਾ ॥੧॥
koun guroo kai pehi dheekhiaa laevaa, kai pehi mul karaavaa |1|

ਮੇਰੇ ਲਾਲ ਜੀਉ, ਤੇਰਾ ਅੰਤੁ ਨ ਜਾਣਾ ॥
maerae laal jeeou, thaeraa anth n jaanaa |

ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥
thoon jal thal meheeal bharipur leenaa, thoon aapae sarab samaanaa |1| rehaao |

ਮਨੁ ਤਾਰਾਜੀ, ਚਿਤੁ ਤੁਲਾ, ਤੇਰੀ ਸੇਵ ਸਰਾਫੁ ਕਮਾਵਾ ॥
man thaaraajee, chith thulaa, thaeree saev saraaf kamaavaa |

ਘਟ ਹੀ ਭੀਤਰਿ ਸੋ ਸਹੁ ਤੋਲੀ, ਇਨ ਬਿਧਿ ਚਿਤੁ ਰਹਾਵਾ ॥੨॥
ghatt hee bheethar so sahu tholee, ein bidh chith rehaavaa |2|

ਆਪੇ ਕੰਡਾ ਤੋਲੁ ਤਰਾਜੀ, ਆਪੇ ਤੋਲਣਹਾਰਾ ॥

aapae kanddaa thol tharaajee, aapae tholanehaaraa |

ਆਪੇ ਦੇਖੈ ਆਪੇ ਬੂਝੈ, ਆਪੇ ਹੈ ਵਣਜਾਰਾ ॥੩॥

aapae dhaekhai aapae boojhai, aapae hai vanajaaraa |3|

ਅੰਧੁਲਾ, ਨੀਚ ਜਾਤਿ, ਪਰਦੇਸੀ, ਖਿਨੁ ਆਵੈ ਤਿਲੁ ਜਾਵੈ ॥

andhulaa, neech jaathi, paradhaesee, khin aavai thil jaavai |

ਤਾ ਕੀ ਸੰਗਤਿ ਨਾਨਕੁ ਰਹਦਾ, ਕਿਉ ਕਰਿ ਮੂੜਾ ਪਾਵੈ ॥੪॥੨॥੯॥

thaa kee sangath naanak rehadhaa, kio kar moorraa paavai |4|2|9|

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ik oankaar sath naam karathaa purakh nirabho niravair akaal moorath ajoonee saibhan gur prasaadh |

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

**raag bilaaval mehalaa 1 choupadhae ghar 1 |**

ਤੂ ਸੁਲਤਾਨੁ ਕਹਾ ਹਉ ਮੀਆ, ਤੇਰੀ ਕਵਨ ਵਡਾਈ ॥

thoo sulathaan kehaa ho meeaa, thaeree kavan vaddaaee |

ਜੋ ਤੂ ਦੇਹਿ ਸੁ ਕਹਾ ਸੁਆਮੀ, ਮੈ ਮੂਰਖ ਕਹਣੁ ਨ ਜਾਈ ॥੧॥

jo thoo dhaehi s kehaa suaamee, mai moorakh kehan n jaaee |1|

ਤੇਰੇ ਗੁਣ ਗਾਵਾ, ਦੇਹਿ ਬੁਝਾਈ ॥

thaerae gun gaavaa, dhaehi bujhaaee |

ਜੈਸੇ, ਸਚ ਮਹਿ ਰਹਉ ਰਜਾਈ ॥੧॥ ਰਹਾਉ ॥

jaisae, sach mehi reho rajaaee |1| rehaao |

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ, ਤੇਰੀ ਸਭ ਅਸਨਾਈ ॥

jo kish hoaa sabh kish thujh thae, thaeree sabh asanaaee |

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ, ਮੈ ਅੰਧੁਲੇ ਕਿਆ ਚਤੁਰਾਈ ॥੨॥

thaeraa anth n jaanaa maerae saahiba, mai andhulae kiaa chathuraaee |2|

ਕਿਆ ਹਉ ਕਥੀ ਕਥੇ ਕਥਿ ਦੇਖਾ, ਮੈ ਅਕਥੁ ਨ ਕਥਨਾ ਜਾਈ ॥

kiaa ho kathee kathae kath dhaekhaa, mai akath n kathanaa jaaee |

ਜੋ ਤੁਧੁ ਭਾਵੈ ਸੋਈ ਆਖਾ, ਤਿਲੁ ਤੇਰੀ ਵਡਿਆਈ ॥੩॥

jo thudh bhaavai soee aakhaa, thil thaeree vaddiaaee |3|

ਏਤੇ ਕੂਕਰ ਹਉ ਬੇਗਾਨਾ, ਭਉਕਾ ਇਸੁ ਤਨ ਤਾਈ ॥

eaethae kookar ho baegaanaa, bhoukaa eis than thaaee |

ਭਗਤਿ ਹੀਣੁ ਨਾਨਕੁ ਜੇ ਹੋਇਗਾ, ਤਾ ਖਸਮੈ ਨਾਉ ਨ ਜਾਈ ॥੪॥੧॥

bhagath heen naanak jae hoeigaa, thaa khasamai naao n jaaee |4|1|

ਬਿਲਾਵਲੁ ਮਹਲਾ ੧ ॥
**bilaaval mehalaa 1 |**

ਮਨੁ ਮੰਦਰੁ, ਤਨੁ ਵੇਸ ਕਲੰਦਰੁ, ਘਟ ਹੀ ਤੀਰਥਿ ਨਾਵਾ ॥
man mandharu, than vaes kalandharu, ghatt hee theerath naavaa |

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ, ਬਾਹੁੜਿ ਜਨਮਿ ਨ ਆਵਾ ॥੧॥
eaek sabadh maerai praan basath hai, baahurr janam n aavaa |1|

ਮਨੁ ਬੇਧਿਆ ਦਇਆਲ ਸੇਤੀ, ਮੇਰੀ ਮਾਈ ॥
man baedhiaa dhaeiaal saethee, maeree maaee |

ਕਉਣੁ ਜਾਣੈ, ਪੀਰ ਪਰਾਈ ॥
koun jaanai, peer paraaee |

ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥
ham naahee chinth paraaee |1| rehaao |

ਅਗਮ ਅਗੋਚਰ ਅਲਖ ਅਪਾਰਾ, ਚਿੰਤਾ ਕਰਹੁ ਹਮਾਰੀ ॥
agam agochar alakh apaaraa, chinthaa karahu hamaaree |

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਘਟਿ ਘਟਿ ਜੋਤਿ ਤੁਮ੍ਾਰੀ ॥੨॥
jal thal meheeal bharipur leenaa, ghatt ghatt joth thumaaree |2|

ਸਿਖ ਮਤਿ ਸਭ ਬੁਧਿ ਤੁਮ੍ਾਰੀ, ਮੰਦਿਰ ਛਾਵਾ ਤੇਰੇ ॥
sikh math sabh budh thumaaree, mandhir shaavaa thaerae |

ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ, ਗੁਣ ਗਾਵਾ ਨਿਤ ਤੇਰੇ ॥੩॥
thujh bin avar n jaanaa maerae saahibaa, gun gaavaa nith thaerae |3|

ਜੀਅ ਜੰਤ ਸਭਿ ਸਰਣਿ ਤੁਮ੍ਾਰੀ, ਸਰਬ ਚਿੰਤ ਤੁਧੁ ਪਾਸੇ ॥
jeea janth sabh saran thumaaree, sarab chinth thudh paasae |

ਜੋ ਤੁਧੁ ਭਾਵੈ ਸੋਈ ਚੰਗਾ, ਇਕ ਨਾਨਕ ਕੀ ਅਰਦਾਸੇ ॥੪॥੨॥
jo thudh bhaavai soee changaa, eik naanak kee aradhaasae |4|2|